International Theatre Institute
World Organization for the Performing Arts
Indian Centre of ITI

IAPAR
International Association for Performing Arts and Research

## ਅੰਤਰ-ਰਾਸ਼ਟਰੀ ਥੀਏਟਰ ਇੰਸਟੀਚੂਟ ਆਈ. ਟੀ. ਆਈ.
## ਅਭਿਨੇਤਾਵਾਂ ਦੀ ਅੰਤਰ-ਰਾਸ਼ਟਰੀ ਸੰਸਥਾ
## ਅੰਤਰ-ਰਾਸ਼ਟਰੀ ਰੰਗਮੰਚ ਦਿਵਸ 27 ਮਾਰਚ 2023 ਦੇ ਅਵਸਰ ’ਤੇ ਸੰਦੇਸ਼

ਸੰਦੇਸ਼ ਲੇਖਿਕਾ : ਸਮੀਹਾ ਅਯੂਬ, ਮਿਸਰ
ਮਿਸਰ ਦੀ ਐਕਟ੍ਰੈੱਸ

## ਅੰਤਰਰਾਸ਼ਟਰੀ ਰੰਗਮੰਚ ਦਿਵਸ 2023 ਦੇ ਅਵਸਰ ’ਤੇ ਸਮੀਹਾ ਆਯੂਬ ਦਾ ਸੰਦੇਸ਼
## ਸੰਸਾਰ ਦੇ ਸਮੂਹ ਕਲਾਕਾਰਾਂ ਨੂੰ ਜੋ ਰੰਗਮੰਚ ਨਾਲ ਜੁੜੇ ਹੋਏ ਹਨ

ਅੰਤਰਰਾਸ਼ਟਰੀ ਰੰਗਮੰਚ ਦਿਵਸ ਦੇ ਸ਼ੁੱਭ ਅਵਸਰ ’ਤੇ ਇਹ ਸੰਦੇਸ਼ ਲਿਖਦਿਆਂ ਇਕ ਪਾਸੇ ਤਾਂ ਮੈਨੂੰ ਅਤਿਅੰਤ ਖ਼ੁਸ਼ੀ ਹੋ ਰਹੀ ਹੈ, ਪ੍ਰੰਤੂ ਨਾਲ ਹੀ ਮੈਨੂੰ, ਤੁਹਾਡੇ ਸਮੂਹ ਅਭਿਨੇਤਾਵਾਂ ਅਤੇ ਹੋਰ ਕਲਾਕਾਰਾਂ ਵਾਂਗੂੰ, ਸੰਸਾਰ ਦੀ ਅਜੋਕੀ ਅਵੱਸਥਾ ਨੂੰ ਲੈ ਕੇ ਘੋਰ ਚਿੰਤਾ ਹੈ। ਦੁਨੀਆਂ ਵਿਚ ਛਾਈ ਹੋਈ ਅਸਥਿਰਤਾ ਦਾ ਅਸਲ ਕਾਰਨ ਥਾਂ-ਥਾਂ ਚੱਲ ਰਹੀ ਕਸ਼ਮਕਸ਼ ਅਤੇ ਝਗੜੇ, ਯੁੱਧ ਅਤੇ ਕੁਰਦਤੀ ਆਫ਼ਤਾਂ ਹਨ ਜਿਨ੍ਹਾਂ ਦਾ ਤਬਾਹਕੁਨ ਪ੍ਰਭਾਵ ਸਾਡੇ ਪਦਾਰਥਕ ਜੀਵਨ ’ਤੇ ਤਾਂ ਪਿਆ ਹੀ ਹੈ, ਇਸ ਦੇ ਨਾਲ ਹੀ ਸਾਡਾ ਮਨੋਵਿਗਿਆਨਕ ਜੀਵਨ ਅਤੇ ਆਤਮਿਕ ਸ਼ਾਂਤੀ ਵੀ ਬਰਬਾਦ ਹੋਈ ਹੈ।

ਤੁਹਾਡੇ ਨਾਲ ਸੰਬੋਧਿਤ ਹੁੰਦਿਆਂ ਮੈਂ ਐਉਂ ਮਹਿਸੂਸ ਕਰਦੀ ਹਾਂ ਕਿ ਸਾਰੇ ਦੇਸ਼ ਇੰਜ ਬਣ ਗਏ ਹਨ ਜਿਵੇਂ ਕਿ ਵੱਖ-ਵੱਖ ਟਾਪੂ ਹੋਣ ਜਾਂ ਕਿਸੇ ਧੁੰਦੂਕਾਰੇ ਵਿਚ ਗੁਆਚੇ ਹੋਏ ਸਮੁੰਦਰੀ ਜਹਾਜ਼ ਹੋਣ ਜਿਨ੍ਹਾਂ ਨੇ ਆਪੋ-ਆਪਣੇ ਬਾਦਬਾਨ ਤਾਂ ਖੋਲ੍ਹ ਰੱਖੇ ਹਨ ਪ੍ਰੰਤੂ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਉਹ ਕਿਸ ਦਿਸ਼ਾ ਵਿਚ ਜਾ ਰਹੇ ਹਨ ਤੇ ਨਾ ਹੀ ਉਨ੍ਹਾਂ ਪਾਸ ਕੋਈ ਦਿਸ਼ਾ ਸੂਚਕ ਹੈ। ਪ੍ਰੰਤੂ ਉਹ ਚਲੀ ਜਾ ਰਹੇ ਹਨ ਇਸ ਉਮੀਦ ਨਾਲ ਕਿ ਆਪਣੇ ਆਪ, ਕਦੇ ਨਾ ਕਦੇ, ਉਹ ਕਿਸੇ ਸੁਰੱਖਿਅਕ ਬੰਦਰਗਾਹ ’ਤੇ ਅੱਪੜ ਜਾਣਗੇ ਅਤੇ ਤੁਫ਼ਾਨੀ ਸਾਗਰਾਂ ਵਿੱਚਲੀ ਉਨ੍ਹਾਂ ਦੀ ਆਵਾਰਗੀ ਖ਼ਤਮ ਹੋਵੇਗੀ।

ਅੱਜ ਦੁਨੀਆਂ ਦੇ ਸਾਰੇ ਦੇਸ਼ ਇਕ ਦੂਜੇ ਨਾਲ ਬੜੇ ਅਨਿੱਖੜਵੇਂ ਢੰਗ ਨਾਲ ਬੱਝੇ ਹੋਏ ਹਨ ਪ੍ਰੰਤੂ ਨਾਲ ਹੀ ਇਹ ਵੀ ਸੱਚ ਕਿ ਜਿੰਨੇ ਸ਼ੱਕੀ ਅਤੇ ਬੇਸੁਰੇ ਜਹੇ ਮਹੌਲ ਵਿਚ ਅੱਜ ਸਾਰੇ ਦੇਸ਼ ਵਿੱਚਰ ਰਹੇ ਹਨ, ਏਨਾ ਪਹਿਲਾਂ ਕਦੇ ਨਹੀਂ ਹੋਇਆ। ਇਹੋ ਹੀ ਅੱਜ ਦੇ ਸੰਸਾਰ ਦਾ ਵਿਰੋਧਾਭਾਸ ਹੈ। ਖ਼ਬਰਾਂ ਅਤੇ ਹੋਰ ਸੰਚਾਰ ਦੇ ਸਾਧਨਾਂ ਦੇ ਕੇਂਦਰਿਤ ਹੋਣ ਦੇ ਬਾਵਜੂਦ ਜਿੰਨ੍ਹਾਂ ਲਈ ਕਿਸੇ ਕਿਸਮ ਦੀ ਭੂਗੋਲਿਕ ਰੋਕ ਹੁਣ ਬੇ-ਮਾਅਨੀ ਹੋ ਗਈ ਹੈ, ਵਿਆਪਕ ਕਸ਼ਮਕਸ਼ ਅਤੇ ਟੈਂਨਸ਼ਨਾਂ ਜੋ ਅਸੀਂ ਆਪਣੇ ਆਲੇ-ਦੁਆਲੇ ਵੇਖ ਰਹੇ ਹਾਂ ਇਹ ਸਭ ਕੁਝ ਸਾਨੂੰ ਸਾਦ ਮੁਰਾਦੀ ਅਸਲ ਇਨਸਾਨੀਅਤ ਜਾਂ ਮਾਨਵਤਾ ਤੋਂ ਦੂਰ ਕਰ ਰਹੇ ਹਨ।

ਨਾਟਕ ਜਾਂ ਰੰਗਮੰਚ ਦਾ ਅਸਲਾ ਤਾਂ ਮਾਨਵਤਾ ਜਾਂ ਜੀਵਨ ਦੀ ਅਸਲੀਅਤ ’ਤੇ ਅਧਾਰਿਤ ਕਿਰਿਆ ਹੈ। ਮਹਾਨ ਕੋਨਸਟੈਂਨਟਿਨ ਸਟੈਨਿਸਲਾਵਸਕੀ (Konstantin Stanislavsky) ਦੇ ਸ਼ਬਦਾਂ ਵਿਚ, “ਚਿੱਕੜ ਵਾਲੇ ਪੈਰ ਲੈ ਕੇ ਸਟੇਜ ’ਤੇ ਨਾ ਆਓ। ਆਪਣਾ ਮਿੱਟੀ ਘੱਟਾ ਬਾਹਰ ਹੀ ਰੱਖੋ। ਆਪਣੀਆਂ ਨਿੱਕੀਆਂ-ਨਿੱਕੀਆਂ ਚਿੰਤਾਵਾਂ, ਝਗੜੇ, ਤਕਰਾਰ ਅਤੇ ਹੋਰ ਜੋ ਕੁਝ ਵੀ ਤੁਹਾਡੇ ਜੀਵਨ ਨੂੰ ਬਰਬਾਦ ਕਰ ਰਿਹਾ ਹੈ ਅਤੇ ਤੁਹਾਡੇ ਹੁਨਰ, ਤੁਹਾਡੀ ਕਲਾਕਾਰੀ ਵਿਚ ਦਖਲ ਦੇ ਰਿਹਾ ਹੈ, ਇਹ ਸਭ ਬਾਹਰ ਹੀ ਰੱਖ ਕੇ ਆਉ।” ਜਦੋਂ ਅਸੀਂ ਸਟੇਜ ’ਤੇ ਪੈਰ ਧਰਦੇ ਹਾਂ ਤਾਂ ਅਸੀਂ ਆਪਣੇ ਵਿਚਲੇ ਇੱਕੋ ਜੀਵਨ ਨੂੰ ਨਾਲ ਲੈ ਕੇ ਪੈਰ ਧਰਦੇ ਹਾਂ ਪ੍ਰੰਤੂ ਇਸ ਵਿਚ ਸ਼ਕਤੀ ਹੁੰਦੀ ਹੈ ਹੋਰ ਕਈ ਜੀਵਨ ਪੈਦਾ ਕਰਨ ਦੀ ਜਿਸ ਦੀ ਖੁਸ਼ਬੋ ਅਸੀਂ ਆਪਣੀ ਕਲਾਕਾਰੀ ਨਾਲ ਸੰਸਾਰ ਵਿਚ ਖਿਲਾਰਨੀ ਹੁੰਦੀ ਹੈ।

ਰੰਗਮੰਚ ਦੇ ਸੰਸਾਰ ਵਿਚ ਅਸੀਂ ਲੋਕ ਸਾਰੇ ਹੀ ਯਾਨੀ ਨਾਟਕਕਾਰ, ਨਿਰਦੇਸ਼ਕ, ਅਭਿਨੇਤਾ, ਕਵੀ, ਸੰਗੀਤਕਾਰ, ਨ੍ਰਿਤ-ਨਾਟ ਸਿਰਜਕ (Choreographer) ਟੈਕਨੀਕਲ, ਸਾਰੇ ਰਲ ਕੇ ਇੱਕ ਐਸੀ ਲਾਈਫ਼ ਦੀ ਸਿਰਜਨਾ ਕਰ ਰਹੇ ਹੁੰਦੇ ਹਾਂ

ਜੋ ਸਾਡੇ ਸਟੇਜ ’ਤੇ ਆਉਣ ਤੋਂ ਪਹਿਲਾਂ ਮੌਜੂਦ ਨਹੀਂ ਸੀ। ਏਸ ਲਾਈਫ਼ ਨੂੰ, ਏਸ ਜੀਵਨ ਨੂੰ ਸਾਂਭ ਸੰਭਾਲ ਦੀ ਲੋੜ ਹੈ, ਇਕ ਪਿਆਰ ਵਿਚ ਧੜਕਦੇ ਦਿਲ ਦੀ ਲੋੜ ਹੈ ਅਤੇ ਇਕ ਸੁਚੱਜੇ ਮਨ ਦੀ ਲੋੜ ਹੈ ਜੋ ਇਸ ਨੂੰ ਜਾਰੀ ਰੱਖਣ ਲਈ, ਜੀਊਂਦੇ ਰੱਖਣ ਲਈ ਤਰਕ ਅਤੇ ਦਲੀਲਾਂ ਬਖ਼ਸ਼ਦਾ ਹੈ।

ਇਸ ਵਿਚ ਕੋਈ ਅਤਕਥਨੀ ਜਾਂ ਵਧਾ-ਚੜ੍ਹਾਅ ਨਹੀਂ ਜਦੋਂ ਮੈਂ ਕਹਿੰਦੀ ਹਾਂ ਸਟੇਜ ’ਤੇ ਜੋ ਵੀ ਅਸੀਂ ਕਰਦੇ ਹਾਂ ਉਹ ਜੀਵਨ ਦੀ ਸਿਰਜਨਾ ਹੀ ਹੁੰਦੀ ਹੈ, ਕੁਛ-ਨਹੀਂ ਵਿਚੋਂ ਜੀਵਨ ਪੈਦਾ ਕਰਨਾ ਜਿਵੇਂ ਘੁੱਪ ਅੰਨ੍ਹੇਰ ਵਿਚ ਅੰਗਿਆਰ ਭਖਦਾ ਹੈ, ਅਤੇ ਰਾਤ ਦੀ ਕਾਲਖ ਨੂੰ ਰੁਸ਼ਨਾਉਂਦਾ ਵੀ ਹੈ ਅਤੇ ਠੰਢ ਵਿਚ ਨਿੱਘ ਵੀ ਵਰਤਾਉਂਦਾ ਹੈ। ਜ਼ਿੰਦਗੀ ਨੂੰ ਸ਼ਾਨ ਬਖ਼ਸ਼ਣ ਵਾਲਾ ਹੋਰ ਕੌਣ ਹੈ? ਅਸੀਂ ਹੀ ਹਾਂ ਅਤੇ ਅਸੀਂ ਹੀ ਇਸ ਨੂੰ ਰੂਪ ਦਿੰਦੇ ਹਾਂ, ਰੰਗਾ-ਰੰਗ ਅਤੇ ਅਰਥ ਭਰਪੂਰ ਬਣਾਉਂਦੇ ਹਾਂ। ਇਸ ਨੂੰ ਸਮਝਣ ਲਈ ਤਰਕ ਅਤੇ ਵਿਵੇਕ ਘੜ੍ਹਦੇ ਹਾਂ। ਅੱਤਿਵਾਦ ਦੇ ਹਨੇਰੇ ਦਾ ਮੁਕਾਬਲਾ ਕਲਾ ਦੀ ਰੌਸ਼ਨੀ ਨਾਲ ਕਰਦੇ ਹਾਂ। ਜ਼ਿੰਦਗੀ ਦੇ ਸਿਧਾਂਤ ਨੂੰ ਗਲਵੱਕੜੀ ਪਾਉਂਦੇ ਹਾਂ ਤਾਂ ਕਿ ਇਹ ਸੰਸਾਰ ਵਿਚ ਫ਼ੈਲ ਸਕੇ। ਇਸ ਸਭ ਕਾਸੇ ਲਈ ਆਪਣਾ ਲਹੂ-ਪਸੀਨਾ, ਆਪਣੇ ਹੰਝੂ ਅਤੇ ਆਪਣੀ ਸੋਚ ਲਗਾ ਦਿੰਦੇ ਹਾਂ ਤਾਂ ਕਿ ਸੱਚ, ਨੇਕੀ ਅਤੇ ਸੁੰਦਰਤਾ ਦੇ ਹੱਕ ਵਿਚ ਖਲੋ ਕੇ ਇਹ ਸੰਦੇਸ਼ ਦੇ ਸਕੀਏ ਕਿ ਜ਼ਿੰਦਗੀ ਜੀਊਣ ਦਾ ਹੱਕ ਮੰਗਦੀ ਹੈ ਅਤੇ ਉਸਨੂੰ ਇਹ ਹੱਕ ਮਿਲਣਾ ਚਾਹੀਦਾ ਹੈ।

ਮੈਂ ਅੱਜ ਤੁਹਾਡੇ ਰੂ-ਬਰੂ ਹੁੰਦਿਆਂ ਕੇਵਲ ਥੀਏਟਰ ਜਾਂ ਰੰਗ-ਮੰਚ ਦਾ ਅੰਤਰ-ਰਾਸ਼ਟਰੀ ਦਿਵਸ ਮਨਾਉਣ ਲਈ ਹੀ ਨਹੀਂ ਕਹਿ ਰਹੀ। ਰੰਗਮੰਚ ਸਾਰੀਆਂ ਕਲਾਵਾਂ ਦਾ ਪਿਤਾਮਾ ਹੈ। ਮੈਂ ਚਾਹੁੰਦੀ ਹਾਂ ਕਿ ਤੁਸੀਂ ਸਭ ਇੱਕ-ਮੁਠ ਹੋ ਕੇ, ਮੋਢੇ ਨਾਲ ਮੋਢਾ ਲਾ ਕੇ, ਆਪਣਾ ਪੂਰਾ ਤਾਣ ਲਾ ਕੇ ਬੁਲੰਦ ਆਵਾਜ਼ ਨਾਲ ਸਾਰੇ ਸੰਸਾਰ ਦੀ ਜ਼ਮੀਰ ਨੂੰ ਹਲੂਣਾ ਦਿਉ ਤਾਂ ਕਿ ਉਹ ਆਪਣੇ ਅੰਦਰ ਉਸ ਗੁੰਮ ਹੋ ਚੁੱਕੀ ਇਨਸਾਨੀਅਤ ਨੂੰ ਤਲਾਸ਼ ਸਕਣ, ਇਕ ਆਜ਼ਾਦ, ਸੋਹਲ, ਸਹਿਣਸ਼ੀਲ, ਖਿਮਾਸ਼ੀਲ ਤੇ ਹਮਦਰਦ ਇਨਸਾਨੀਅਤ। ਮੈਂ ਚਾਹੁੰਦੀ ਹਾਂ ਤੁਸੀਂ ਇਸ ਵਹਿਸ਼ੀ, ਨਸਲਕਸ਼, ਖ਼ੂੰਖਾਰ ਕਸ਼ਮਕਸ਼ ਅਤੇ ਇਕ-ਪਾਸੜ ਸੋਚ ਨੂੰ ਰਿਜੈਕਟ ਕਰੋ। ਇਸ ਧਰਤੀ ਤੇ, ਇਸ ਅਸਮਾਨ ਹੇਠਾਂ ਮਾਨਵਜ਼ਾਤ ਲੱਖਾਂ ਸਾਲਾਂ ਤੋਂ ਰਹਿੰਦੀ ਆ ਰਹੀ ਹੈ ਅਤੇ ਰਹਿੰਦੀ ਰਹੇਗੀ। ਯੁੱਧਾਂ ਦੇ ਇਸ ਚਿੱਕੜ ’ਚੋਂ ਆਪਣੇ ਪੈਰ ਬਾਹਰ ਕੱਢੋ। ਇਸ ਸਭ ਕੁਝ ਨੂੰ ਰੰਗਮੰਚ ਦੇ ਦਰ ਤੋਂ ਬਾਹਰ ਹੀ ਰੱਖੋ। ਸ਼ਾਇਦ ਫਿਰ ਇਹੀ ਇਨਸਾਨੀਅਤ ਜੋ ਘੋਰ ਸ਼ੰਕਾ ਦੀ ਧੁੰਦ ਵਿਚ ਘਿਰੀ ਹੋਈ ਹੈ ਦੁਬਾਰਾ ਉਹ ਸਪੱਸ਼ਟ ਨਿਸ਼ਚਾ ਹਾਸਲ ਕਰ ਸਕੇ ਅਤੇ ਮਾਣ ਨਾਲ ਆਖ ਸਕੇ ਅਸੀਂ ਸਭ ਇਨਸਾਨ ਹਾਂ ਅਤੇ ਆਪਸ ਵਿਚ ਭੈਣਾਂ-ਭਰਾਵਾਂ ਵਾਂਗ ਹਾਂ।

ਆਪਣੇ ਹੱਥਾਂ ਵਿਚ ਬਲਦੀਆਂ ਮਸ਼ਾਲਾਂ ਫੜੀ ਸਾਡਾ ਨਾਟਕਕਾਰਾਂ ਦਾ ਕਦੀਮ ਜ਼ਮਾਨੇ ਤੋਂ ਹੀ ਇਹ ਮਿਸ਼ਨ ਰਿਹਾ ਹੈ ਕਿ ਸੰਸਾਰ ਵਿਚ ਜੋ ਕੁਝ ਵੀ ਅਮਾਨਵੀ ਅਤੇ ਖ਼ੂਨ ਖ਼ਰਾਬੇ ਵਾਲਾ ਹੈ, ਨਿਰਦਈ ਹੈ, ਉਸਦਾ ਵਿਰੋਧ ਕਰੀਏ। ਕਿਸ ਤਰ੍ਹਾਂ ਕਰੀਏ? ਵਿਰੋਧ ਕਰੀਏ, ਜੋ ਕੁਝ ਸੁੰਦਰ, ਸ਼ੁੱਧ ਅਤੇ ਮਾਨਵੀ ਹੈ, ਉਸ ਨਾਲ। ਸਾਡੇ ਤੋਂ ਸਿਵਾ ਹੋਰ ਕਿਸੇ ਕੋਲ ਇਹ ਜੀਵਨ ਫ਼ੈਲਾਉਣ ਦੀ ਯੋਗਤਾ ਜਾਂ ਗੁਣ ਨਹੀਂ ਹੈ। ਆਓ, ਅਸੀਂ ਸਾਰੇ ਰਲ ਕੇ, ਇਕ ਦੁਨੀਆਂ, ਇਕ ਸੰਸਾਰ ਅਤੇ ਇਕ ਮਾਨਵਤਾ ਦੀ ਖਾਤਰ ਜੀਵਨ ਨੂੰ ਫ਼ੈਲਾਈਏ।

**ਅਨੁਵਾਦ : ਕੇਵਲ ਧਾਲੀਵਾਲ**

---

International Theatre Institute / World Theatre Day Message 2023
Samiha Ayoub, Actress, Egypt.
Punjabi (India) translation : Kewal Dhaliwal, India.